# ਸਵੇਰੇ ਦੀ ਲੋਅ

**ਬਲਦੇਵ ਸਿੰਘ** ਦੀ ਏਸੇ ਨਾਮ ਦੀ ਕਹਾਣੀ ਦਾ ਨਾਟਕੀ ਰੂਪਾਂਤਰਣ

***ਪਾਤਰ***

ਰਘੂ—ਝੁੱਗੀ ਝੌਂਪੜੀ ਵਿਚ ਰਹਿਣ ਵਾਲੇ ਲੋਕਾਂ ਦਾ ਚੌਧਰੀ
ਰਾਜੂ—ਉਹਦਾ 17-18 ਸਾਲਾਂ ਦਾ ਨੌਜਵਾਨ ਪੁੱਤਰ
ਰੇਸ਼ਮ—ਝੁੱਗੀ ਝੌਂਪੜੀ ਵਿਚ ਰਹਿਣ ਵਾਲੀ 15-16 ਸਾਲ ਦੀ ਇਕ ਕੁੜੀ
ਇੰਦਰਜੀਤ—ਇਕ ਸਰਦਾਰ, ਜੋ ਉਸ ਜ਼ਮੀਨ ਦਾ ਮਾਲਕ ਹੈ, ਜਿਥੇ ਇਹ ਝੁੱਗੀਆਂ ਝੌਂਪੜੀਆਂ ਬਣੀਆਂ ਹੋਈਆਂ ਹਨ।

# ਸਵੇਰੇ ਦੀ ਲੋਅ

ਝੁੱਗੀ ਝੌਂਪੜੀ ਦੇ ਇਕ ਘਰ ਦਾ ਬਾਹਰਲਾ ਹਿੱਸਾ। ਨਾਟਕ ਸ਼ੁਰੂ ਹੋਣ 'ਤੇ ਰਘੂ ਆਪਣੇ ਘਰ ਅੱਗੇ ਇਕ ਥੜੇ 'ਤੇ ਬੈਠਾ ਹੈ। ਤਲੀ ਉੱਤੇ ਤੰਬਾਕੂ ਮਲਣ ਦਾ ਐਕਸ਼ਨ ਕਰਦਾ ਹੈ। ਰੇਸ਼ਮੋ ਆਉਂਦੀ ਹੈ, ਉਹਦੇ ਮੋਢੇ 'ਤੇ ਵੱਡਾ ਸਾਰਾ ਥੈਲਾ ਹੈ, ਜਿਸ ਤਰ੍ਹਾਂ ਲੀਰਾਂ ਤੇ ਰੱਦੀ, ਨਿੱਕ-ਸੁਕ ਇਕੱਠਾ ਕਰਨ ਵਾਲੀਆਂ ਕੁੜੀਆਂ ਦੇ ਮੋਢਿਆਂ 'ਤੇ ਹੁੰਦਾ ਹੈ।

ਰੇਸ਼ਮੋ : ਚਾਚਾ, ਰਾਜੂ ਕਿਥੇ ਏ ?

ਰਘੂ : ਇਥੇ ਹੀ ਹੋਣਾ ਕਿਧਰੇ ? ਤੈਨੂੰ ਉਹਦੇ ਨਾਲ ਕੋਈ ਕੰਮ ਏ ?

ਰੇਸ਼ਮੋ : ਨਹੀਂ ਮੈਂ ਉਸ ਨੂੰ ਦੱਸਣਾ ਏ ਕਿ ਮੈਨੂੰ ਅੱਜ ਫੇਰ ਕੰਮ ਤੋਂ ਦੇਰ ਹੋ ਗਈ ਏ, ਮੈਂ ਪੜ੍ਹਨ ਨਹੀਂ ਆ ਸਕੀ।

ਰਘੂ : ਅੱਛਾ ਮੈਂ ਉਸ ਨੂੰ ਦੱਸ ਦੇਵਾਂਗਾ। (ਰੇਸ਼ਮੋ ਜਾਣ ਲਈ ਮੁੜਦੀ ਹੈ) ਹਾਂ ਪੁੱਤਰ ਇਹ ਦੱਸ ਤੇਰੀ ਨਾਨੀ ਦਾ ਕੀ ਹਾਲ ਏ।

ਰੇਸ਼ਮੋ : ਚਾਚਾ, ਚੰਗਾ ਵੀ ਏ ਤੇ ਮੰਦਾ ਵੀ ਏ।

ਰਘੂ : ਚੰਗਾ ਵੀ ਏ, ਮੰਦਾ ਵੀ ਏ, ਕੁੜੀਏ ਠੀਕ ਠੀਕ ਦੱਸ।

ਰੇਸ਼ਮੋ : ਚਾਚਾ ਜੇਕਰ ਉਹਨੇ ਮੈਨੂੰ ਝਿੜਕਣਾ ਹੋਵੇ ਤਾਂ ਚੰਗੀ ਭਲੀ ਹੋ ਜਾਂਦੀ ਏ, ਕਵ੍ਹੇਗੀ ਨੀਂ ਸਿਰ ਸੜੀਏ ਕਿਥੇ ਮਰ ਗਈ ਸੈਂ, ਕਦੋਂ ਦਾ ਰਾਹ ਪਈ ਦੇਖਦੀ ਹਾਂ। ਪਰ ਜੇ ਉਹਨੇ ਮੇਰੇ ਕੋਲੋਂ ਕੰਮ ਕਰਾਉਣਾ ਹੋਵੇ ਤਾਂ ਉਹਦਾ ਹਾਲ ਮੰਦਾ ਹੋ ਜਾਂਦਾ ਹੈ। ਕਵ੍ਹੇਗੀ- ਅੱਜ ਤੇ ਮੇਰਾ ਲੱਕ ਦੁੱਖਦਾ ਏ, ਅੱਜ ਰੋਟੀ ਤੂੰ ਪਕਾ ਲੈ। ਮੇਰੇ ਕੋਲੋਂ ਉੱਠਿਆਂ ਨਹੀਂ ਜਾਂਦਾ, ਪਾਣੀ ਦਾ ਘੜਾ ਤੂੰ ਹੀ ਭਰ ਲਿਆ। ਬਸ ਇਹ ਹਾਲ ਏ ਮੇਰੀ ਨਾਨੀ ਦਾ। (ਜਾਣ ਲਈ ਮੁੜਦੀ ਹੈ ਤੇ ਅੱਗੋਂ ਸਰਦਾਰ ਇੰਦਰਜੀਤ ਸਿੰਘ ਉਹਨੂੰ ਟਰਕਦਾ ਹੈ। ਗੁੰਡਿਆਂ ਵਾਂਗ ਉਹਨੂੰ ਦੇਖਦਾ ਹੈ ਤੇ ਨਜ਼ਰਾਂ ਨਾਲ ਉਹਦਾ ਪਿੱਛਾ ਕਰਦਾ ਹੈ। ਫੇਰ ਇੰਦਰਜੀਤ ਰਘੂ ਕੋਲ ਆਉਂਦਾ ਹੈ।)

ਇੰਦਰਜੀਤ : ਓਏ ਰਘੂ, ਇਹ ਕੁੜੀ ਕੌਣ ਏ ?

ਰਘੂ : ਜੀ ਇਹ ਆਪਣੀ ਕੰਮੋ ਦੀ ਦੋਹਤੀ ਏ।

ਇੰਦਰਜੀਤ : (ਆਪਣੇ ਆਪ ਵਿਚ) ਤਾਂ ਇਹ ਹੈ ਰੇਸ਼ਮੋ, ਜਿਸ ਦੀ ਕਾਲੂ ਹੋਰੀਂ

ਗੱਲ ਕਰਦੇ ਸਨ। (ਫੇਰ ਰਘੂ ਨੂੰ ਸੰਬੋਧਨ ਹੁੰਦਾ ਹੈ) ਅੱਛਾ ਉਹ ਕੰਮੋ, ਜਿਸ ਦੀ ਝੁੱਗੀ ਅਖੀਰ ਵਿਚ ਏ ?

ਰਘੂ : ਆਹੋ ਜੀ, ਪਰ ਤੁਹਾਨੂੰ ਕਿਸ ਤਰ੍ਹਾਂ ਪਤਾ ਏ ?

ਇੰਦਰਜੀਤ : ਮੇਰੇ ਬੰਦਿਆਂ ਕੋਲ ਪੂਰੀ ਲਿਸਟ ਏ। ਤੈਨੂੰ ਪਤਾ ਏ, ਜਿਸ ਜ਼ਮੀਨ ਉੱਤੇ ਤੁਸੀਂ ਡੇਰਾ ਬਣਾਇਆ ਹੋਇਆ ਏ ਉਹ ਮੇਰੀ ਏ ਤੇ ਇਥੇ ਕੌਣ-ਕੌਣ ਰਹਿੰਦਾ ਏ, ਉਹਦੀ ਨਿਗਰਾਨੀ ਰੱਖਣੀ ਮੇਰੀ ਜ਼ਿੰਮੇਵਾਰੀ ਏ।

ਰਘੂ : ਜ਼ਿੰਮੇਵਾਰੀ ?

ਇੰਦਰਜੀਤ : ਆਹੋ ਕੱਲ੍ਹ ਤੁਸੀਂ ਕੁਝ ਗ਼ਲਤ ਕਰ ਦੇਵੋ ਤਾਂ ਮੈਂ ਜ਼ਮਾਨਤ ਦੇਣ ਵਾਲਾ ਤਾਂ ਹੋਵਾਂ।

ਰਘੂ : ਪਰ ਅਸੀਂ ਕਿਉਂ ਗ਼ਲਤ ਕਰਾਂਗੇ। ਅਸੀਂ ਤਾਂ ਜੋ ਕਰਦੇ ਹਾਂ ਉਹ ਤੁਹਾਡੀ ਮਰਜ਼ੀ ਨਾਲ ਹੀ ਕਰਦੇ ਹਾਂ। ਜੇ ਉਹ ਗ਼ਲਤ ਏ ਤਾਂ ਫੇਰ ਇਹ ਤੁਹਾਡੀ ਹੀ ਜ਼ਿੰਮੇਵਾਰੀ ਏ। ਇਹ ਦੱਸੋ ਇਸ ਵੇਲੇ ਕਿਸ ਤਰ੍ਹਾਂ ਤਕਲੀਫ ਕੀਤੀ? ਕੀ ਭੀੜਾਂ ਪੈ ਗਈਆਂ ਨੇ ?

ਇੰਦਰਜੀਤ : ਰਘੂ ਚੌਧਰੀ ਤੇਰੇ ਹੁੰਦਿਆਂ ਸਾਨੂੰ ਕਾਹਦੀਆਂ ਭੀੜਾਂ ਪੈਣੀਆਂ ਨੇ ? ਪਰ ਇਕ ਗੱਲ ਏ ਕਿ ਕੰਮ ਕੋਈ ਵੀ ਹੋਵੇ, ਤੈਨੂੰ ਯਾਦ ਕਰਨਾ ਨਹੀਂ ਭੁੱਲਦੇ ਅਸੀਂ।

ਰਘੂ : ਇਹ ਤਾਂ ਮਿਹਰਾਂ ਨੇ ਜਨਾਬ ਦੀਆਂ ਸਾਡੇ 'ਤੇ ਕਿ ਤੁਹਾਡੀਆਂ ਬਲਾਵਾਂ ਪਾਸੇ ਆ ਡਿੱਗਦੀਆਂ ਨੇ, ਨਹੀਂ ਤਾਂ ਕਿਥੇ ਤੁਸੀਂ ਤੇ ਕਿਥੇ ਅਸੀਂ ?

ਇੰਦਰਜੀਤ : ਤੇਰੇ ਗੋਚਰੇ ਜ਼ਰੂਰੀ ਕੰਮ ਏ।

ਰਘੂ : ਤੁਸੀਂ ਹੁਕਮ ਕਰੋ, ਕਿਹੜੇ ਖੂਹ 'ਚ ਛਾਲ ਮਾਰਨੀ ਏ ?

ਇੰਦਰਜੀਤ : ਅੱਜ ਤੜਕੇ ਆਪਾਂ ਚੌਂਕ ਵਾਲੀਆਂ ਦੁਕਾਨਾਂ ਤੋੜਨੀਆਂ ਨੇ।

ਰਘੂ : ਚੌਂਕ ਵਾਲੀਆਂ ਦੁਕਾਨਾਂ ? ਉਹ ਚੱਠਿਆਂ ਵਾਲੀਆਂ ?

ਇੰਦਰਜੀਤ : ਆਹੋ, ਹਾਈਕੋਰਟ ਦਾ ਆਰਡਰ ਮਿਲ ਗਿਆ ਏ। ਬਸ ਥਾਂ 'ਤੇ ਕਬਜ਼ਾ ਕਰਨਾ ਏ, ਪਰਵਾਹ ਨਹੀਂ ਕਰਨੀ ਕਿਸੇ ਟੁੰਡੀ ਲਾਟ ਦੀ।

ਰਘੂ : ਪਰ...

ਇੰਦਰਜੀਤ : ਪਰ ਪੁਰ ਕੁਝ ਨਹੀਂ। ਜਿੰਨੇ ਬੰਦੇ ਲਿਆਏਂਗਾ 50 ਰੁਪਏ ਬੰਦਾ ਤੈਨੂੰ ਮਿਲਣਗੇ। ਤੂੰ ਅੱਗੇ ਜੋ ਮਰਜ਼ੀ ਦੇਵੀਂ। ਕੰਮ ਤੜਕੇ ਕਰਨਾ ਏ।

ਰਘੂ : ਤੜਕੇ ਕਿਉਂ ? ਹੁਣ ਕਾਹਤੋਂ ਨਹੀਂ ? ਹਨੇਰੇ ਵਿਚ ਭੰਨ ਤੋੜ ਕਰਨੀ ਸੌਖੀ ਹੁੰਦੀ ਏ।

ਇੰਦਰਜੀਤ : ਨਹੀਂ ਰਾਤ ਦਾ ਵੇਲਾ ਠੀਕ ਨਹੀਂ। 11 ਵਜੇ ਤੱਕ ਸੀ. ਆਰ. ਪੀ.

ਫਿਰਦੀ ਰਹਿੰਦੀ ਏ ਗਸ਼ਤ ਕਰਦੀ। ਕੋਈ ਹੋਰ ਸਿਆਪਾ ਪਊ। ਸਵੇਰੇ ਪੰਜ ਕੁ ਵਜੇ ਸ਼ੁਰੂ ਕਰ ਦਿਓ, ਸੱਤ ਕੁ ਵਜੇ ਪਾ ਦਿਓ ਭੋਗ।

ਰਘੂ : ਪਰ ਜਨਾਬ ਪੁਲਿਸ ?

ਇੰਦਰਜੀਤ : ਪੁਲਿਸ ਦਾ ਫਿਕਰ ਨਹੀਂ, ਥਾਣੇ ਦਾ ਕੋਈ ਸਿਪਾਹੀ ਨਹੀਂ ਆਉਣਾ, ਸਭ ਕੰਮ ਫਿਟ ਏ। ਬਸ ਉਹਨਾਂ ਦੇ ਬੰਦਿਆਂ ਤੋਂ ਚੌਕੰਨੇ ਰਹਿਣਾ ਏ। ਜੇ ਆਪਣਾ ਭੇਦ ਨਿਕਲ ਗਿਆ ਤਾਂ ਸੱਟ ਨਾ ਮਾਰ ਜਾਣ ਧੋਖੇ ਨਾਲ। ਉਂਝ ਜੇ ਲੜਾਈ ਦੀ ਨੌਬਤ ਆ ਵੀ ਗਈ ਤਾਂ ਫਿਰ ਪਿੱਛੇ ਨਾ ਹਟਿਓ। ਹਸਪਤਾਲ ਥਾਣੇ ਦਾ ਜੋ ਵੀ ਖਰਚਾ ਆਇਆ ਮੈਂ ਸਾਂਭ ਲਵਾਂਗਾ।

ਰਘੂ : ਇਸ ਗੱਲ ਦਾ ਫਿਕਰ ਨਾ ਕਰੋ ਮਾਲਕੋ, ਆਪਣੇ ਬੰਦੇ ਤਾਂ ਭੂਤਾਂ ਅਰਗੇ ਆ, ਜਿਧਰ ਨੂੰ ਪੈ ਨਿਕਲੇ ਕੋਈ ਸਾਲਾ ਖੜ੍ਹ ਜੂ ਮੋਹਰੇ ? ਤੁਹਾਨੂੰ ਕਿਹੜਾ ਪਤਾ ਨਹੀਂ ? ਕੋਈ ਭੁੱਲੇ ਹੋਏ ਹੋ ?

ਇੰਦਰਜੀਤ : ਇਸੇ ਕਰਕੇ ਤੈਨੂੰ ਸੱਜੀ ਬਾਂਹ ਸਮਝਦੇ ਹਾਂ। ਨਹੀਂ ਤਾਂ ਬਥੇਰੀ ਲਗੌੜ ਫਿਰਦੀ ਹੈ ਸ਼ਹਿਰ ਵਿਚ। ਮੇਰੇ ਨਾਲ ਆ। ਜੀਪ ਵਿਚੋਂ ਸ਼ਰਾਬ ਦੀ ਪੇਟੀ ਚੁੱਕ ਲਿਆ, ਸਵੇਰੇ ਜਿੰਨੇ ਬੰਦੇ ਹੋਏ ਮੈਥੋਂ ਪੈਸੇ ਲੈ ਜਾਵੀਂ। ਜੇ ਸੌ ਪੰਜਾਹ ਦੀ ਲੋੜ ਏ ਤਾਂ ਹੁਣ ਦੱਸ ਦੇ।

ਰਘੂ : ਜਨਾਬ ਪਹਿਲਾਂ ਕੰਮ, ਫੇਰ ਪੈਸੇ, ਤੁਹਾਨੂੰ ਤਾਂ ਸਾਡੀ ਆਦਤ ਦਾ ਪਤਾ ਏ।

ਇੰਦਰਜੀਤ : ਫੇਰ ਚੱਲ, ਅੱਜ ਤੁਹਾਡੇ ਲਈ ਲਿਆਂਦੀ ਵੀ ਖਾਸ ਏ। ਪਰ ਪੀਣੀ ਹਿਸਾਬ ਨਾਲ, ਇਹ ਨਾ ਹੋਵੇ ਕਿ ਸਵੇਰੇ ਦਸ ਵਜੇ ਤੱਕ ਸੁੱਤੇ ਹੀ ਰਵੋ।

ਰਘੂ : ਗੱਲ ਹੀ ਕੋਈ ਨਹੀਂ।

*(ਉੱਠ ਕੇ ਚਲਣ ਲੱਗਦਾ ਹੈ ਤਾਂ ਦੂਜੇ ਪਾਸੇ ਤੋਂ ਰਾਜੂ ਦਾਖਲ ਹੁੰਦਾ ਹੈ)*

ਰਾਜੂ : ਨਹੀਂ ਰੀਸਾਂ ਬਾਪੂ ਤੇਰੀਆਂ ਤੇ ਨਾਲੇ ਤੇਰੇ ਇਸ ਸਰਦਾਰ ਦੀਆਂ।

ਰਘੂ : ਓਏ ਪੁੱਤਰਾ, ਤੁਸੀਂ ਕੱਲ੍ਹ ਦੇ ਛੋਕਰੇ ਰੀਸਾਂ ਕਰ ਵੀ ਕਿਸ ਤਰ੍ਹਾਂ ਸਕਦੇ ਹੋ ਸਾਡੀਆਂ ?

ਰਾਜੂ : ਨਹੀਂ ਕਰ ਸਕਦੇ ਬਾਪੂ, ਨਹੀਂ ਕਰ ਸਕਦੇ। ਅੱਜ ਤੇਰਾ ਇਹ ਸਰਦਾਰ ਇਥੇ ਸ਼ਰਾਬ ਦੀਆਂ ਮਟਕੀਆਂ ਡੋਲ੍ਹ ਕੇ ਜਾਏਗਾ, ਕੱਲ੍ਹ ਤੁਸੀਂ ਸੜਕਾਂ 'ਤੇ ਆਪਣੇ ਲਹੂ ਦੀਆਂ ਛੱਪੜੀਆਂ ਬਣਾਉਗੇ।

ਇੰਦਰਜੀਤ : (ਗੁੱਸੇ ਨਾਲ) ਰਘੂ ਇਹ ਆਪਣੇ ਪੁੱਤਰ ਨੂੰ ਸਮਝਾ ਲੈ, ਇਹ ਵਾਰ-ਵਾਰ ਤੇਰੇ ਤੇ ਮੇਰੇ ਦਰਮਿਆਨ ਆਉਂਦਾ ਏ। ਇਸ ਨੇ ਉਸ ਵੇਲੇ

ਵੀ ਟੰਗ ਅੜਾਈ ਸੀ ਜਦੋਂ ਮੰਤਰੀ ਦੇ ਆਉਣ ’ਤੇ ਤੁਹਾਨੂੰ ਟਰੱਕ ’ਤੇ ਚੜ੍ਹਾ ਕੇ ਉਸ ਦੇ ਸੁਆਗਤ ਲਈ ਲੈ ਗਏ ਸੀ। ਉਸ ਵੇਲੇ ਕਿਹੜਾ ਲਹੂ ਦੀ ਛੱਪੜੀ ਦੀ ਗੱਲ ਸੀ ? ਬਸ ਜ਼ਿੰਦਾਬਾਦ ਮੁਰਦਾਬਾਦ ਦੇ ਨਾਅਰੇ ਲਗਾਉਣੇ ਸਨ। ਉਸ ਵੇਲੇ ਵੀ ਤੁਹਾਨੂੰ ਪੂਰੇ ਪੈਸੇ ਮਿਲੇ ਸਨ।

ਰਘੂ : ਸਰਦਾਰ ਜੀ, ਇਹ ਹਾਲੇ ਮੁੰਡਾ ਏ। ਇਹਨੂੰ ਕੀ ਪਤਾ ਕਿ ਕਮਾਈਆਂ ਕਿਸ ਤਰ੍ਹਾਂ ਕਰੀਦੀਆਂ ਨੇ। (ਰਾਜੂ ਨੂੰ) ਓਏ ਮੁੰਡਿਆ ਜੇ ਜ਼ਿੰਦਾਬਾਦ ਮੁਰਦਾਬਾਦ ਕਰਨ ਦੇ ਪੈਸੇ ਮਿਲ ਜਾਣ ਤਾਂ ਇਸ ਵਿਚ ਹਰਜਾ ਕੀ ਏ?

ਰਾਜੂ : ਹਰਜਾ ਇਹ ਵੇ ਕਿ ਬਾਪੂ ਇਹ ਨੀਚ ਤੇ ਕਮੀਨਾ ਕੰਮ ਏ।

ਰਘੂ : ਇਹ ਨੀਚ ਕੰਮ ਕਿਉਂ ਏ ? ਇਹ ਲੀਡਰ ਲੋਕ ਇਸ ਜ਼ਿੰਦਾਬਾਦ ਮੁਰਦਾਬਾਦ ਦਾ ਖੱਟਿਆ ਹੀ ਖਾਂਦੇ ਨੇ।

ਰਾਜੂ : ਬਾਪੂ, ਤੂੰ ਇਹ ਕਿਉਂ ਭੁੱਲਦਾ ਏਂ, ਜਦੋਂ ਵੀ ਇਹ ਸਰਦਾਰ ਬਸਤੀ ਵਿਚ ਵਿਖਾਈ ਦਿੰਦਾ ਏ ਉਸ ਤੋਂ ਅਗਲੇ ਇਕ ਦੋ ਦਿਨਾਂ ਵਿਚ ਹੀ ਬਸਤੀ ’ਤੇ ਪ੍ਰੇਤ ਦਾ ਪਰਛਾਵਾਂ ਪੈ ਜਾਂਦਾ ਏ। ਪੁਲਿਸ ਖਿੱਚਾ-ਧੂਹੀ ਕਰਦੀ ਏ। ਤੁਸੀਂ ਸੱਟਾਂ ਖਾ ਕੇ ਪਏ ਹਸਪਤਾਲਾਂ ਵਿਚ ਚੀਕਾਂ ਮਾਰਦੇ ਹੋ। ਬਦਲੇ ਵਿਚ ਮਿਲਦੇ ਨੇ ਕੁਝ ਰੁਪਏ ਤੇ ਮੁਫਤ ਦੀ ਸ਼ਰਾਬ।

ਰਘੂ : ਓਏ ਰੁਪਏ ਮਿਲਣ, ਸ਼ਰਾਬ ਮਿਲੇ ਇਹ ਕੋਈ ਥੋੜ੍ਹੀ ਗੱਲ ਏ ? ਤੇ ਸੁਣ ਤੂੰ ਸਾਰਿਆਂ ਨੂੰ ਬੁਲਾ। ਪੈਂਤੀ-ਪੈਂਤੀ ਰੁਪਏ ਮਿਲਣਗੇ ਸਾਰਿਆਂ ਨੂੰ। ਦੋ ਘੰਟਿਆਂ ਵਿਚ ਆਪਾਂ ਦੁਕਾਨਾਂ ਦਾ ਮਲਬਾ ਬਣਾ ਕੇ ਮੁੜ ਆਵਾਂਗੇ।

ਰਾਜੂ : ਮੈਂ ਨਹੀਂ ਜਾਣਾ ਕਿਧਰੇ। ਜੇ ਗਿਆ ਵੀ ਤਾਂ ਸਾਰਿਆਂ ਨੂੰ ਕਹਾਂਗਾ ਕਿ ਉਹ ਇਹ ਮਾਰ ਧਾੜ ਵਾਲਾ ਕੰਮ ਨਾ ਕਰਨ।

ਰਘੂ : ਓਏ ਤੂੰ ਮਹਾਤਮਾ ਗਾਂਧੀ ਦੀ ਔਲਾਦ ਕਿਥੇ ਜੰਮ ਪਿਆ ਮੇਰੇ ਘਰ। ਤੂੰ ਹਮੇਸ਼ਾਂ ਮੇਰੇ ਕੰਮ ਵਿਚ ਦਖ਼ਲ ਦੇਂਦਾ ਏ। ਨਿੱਕਾ ਜਿਹਾ ਸੀ, ਤੇਰੇ ਹਾਣੀ ਵੱਡੇ-ਵੱਡੇ ਬੋਰੇ ਲੈ ਕੇ ਰੂੜੀਆਂ ਤੋਂ ਕਾਗਜ਼, ਪਲਾਸਟਿਕ ਦੇ ਲਿਫਾਫੇ, ਕੱਚ ਦੇ ਟੁਕੜੇ ਤੇ ਹੋਰ ਜੋ ਵੀ ਮਿਲਦਾ ਇਕੱਠਾ ਕਰ ਲਿਆਉਂਦੇ। ਸ਼ਾਮ ਨੂੰ ਚਾਰ ਪੰਜ ਰੁਪਏ ਵੱਟ ਲਿਆਉਂਦੇ ਪਰ ਬੇੜਾ ਬਹਿ ਜਾਏ ਤੇਰੇ ਉਸ ਮਾਸਟਰ ਦਾ ਜਿਸ ਨੇ ਤੈਨੂੰ ਪੜ੍ਹਨੇ ਪਾ ਲਿਆ। ਜਿਸ ਤਰ੍ਹਾਂ ਪੜ੍ਹ ਕੇ ਤੂੰ ਡਿਪਟੀ ਲਗ ਜਾਣਾ ਸੀ।

ਰਾਜੂ : ਡਿਪਟੀ ਲੱਗਿਆ ਹਾਂ ਜਾਂ ਨਹੀਂ, ਪਰ ਜਿਹੜੀ ਗੱਲ ਗ਼ਲਤ ਏ, ਉਹ ਗ਼ਲਤ ਏ।

ਇੰਦਰਜੀਤ : ਓਏ ਮੈਂ ਤੁਹਾਡੇ ਪਿਓ ਪੁੱਤਰ ਦਾ ਡਰਾਮਾ ਬੜਾ ਦੇਖ ਲਿਆ ਏ। ਰਘੂ ਇਹ ਤੇਰੇ ਮੁੰਡੇ ਨੂੰ ਪਰ ਲੱਗ ਗਏ ਨੇ, ਇਹਨੂੰ ਨਹੀਂ ਪਤਾ ਕਿ ਕੀਹਦੇ ਸਾਹਮਣੇ ਗੱਲਾਂ ਕਰ ਰਿਹਾ ਏ। ਤੂੰ ਮੇਰੇ ਨਾਲ ਆ, ਸ਼ਰਾਬ ਦੀ ਪੇਟੀ ਚੁੱਕ ਲਿਆ। ਮੈਨੂੰ ਹੋਰ ਵੀ ਕੰਮ ਬਥੇਰੇ ਨੇ।

ਰਘੂ : ਤੁਸੀਂ ਚਲੋ ਸਰਦਾਰ ਜੀ, ਮੈਂ ਕਿਸੇ ਬੰਦੇ ਨੂੰ ਨਾਲ ਲੈ ਕੇ ਆਉਂਦਾ ਹਾਂ। ਪੇਟੀ ਭਾਰੀ ਹੋਣੀ ਏ, ਕੰਮ ਜੋ ਭਾਰਾ ਹੋਇਆ।

ਇੰਦਰਜੀਤ : ਤੂੰ ਬੰਦਾ ਲੈ ਕੇ ਆ, ਮੈਂ ਉਧਰੋਂ ਕੰਮੋ ਵੱਲੋਂ ਹੋ ਕੇ ਆਇਆ। ਬੁੱਢੜੀ ਨੂੰ ਕੋਈ ਤਕਲੀਫ ਤਾਂ ਨਹੀਂ। ਏਧਰ ਤਾਂ ਚਿੱਕੜ ਨਾਲ ਮੇਰੀ ਜੁੱਤੀ ਦਾ ਨਾਸ ਹੋ ਗਿਆ ਏ।

*(ਇਹ ਕਹਿੰਦਾ ਬਾਹਰ ਚਲਾ ਜਾਂਦਾ ਹੈ।)*

ਰਾਜੂ : (ਜਿੰਨ੍ਹੇ ਸਰਦਾਰ ਦੀ ਆਖਰੀ ਗੱਲ ਸੁਣ ਲਈ ਹੈ) ਏਧਰ ਗੰਦਾ ਨਾਲਾ ਤੇ ਉਧਰ ਚਿੱਕੜ। ਬਾਪੂ ਤੇਰੇ ਸਰਦਾਰ ਦੀ ਜੁੱਤੀ ਲਿਬੜ ਗਈ ਏ ਚਿੱਕੜ 'ਚ ਕਿੰਨੇ ਅਫਸੋਸ ਦੀ ਗੱਲ ਏ।

ਰਘੂ : ਓਏ ਕੰਜਰਾ ਤੂੰ ਬੋਲਣੋਂ ਬਾਜ ਨਹੀਂ ਆਉਂਦਾ। ਤੈਨੂੰ ਪਤਾ ਏ ਤੂੰ ਕਿਸ ਨਾਲ ਟੱਕਰ ਲੈ ਰਿਹਾ ਏਂ ?

ਰਾਜੂ : ਪਤਾ ਏ, ਸ. ਇੰਦਰਜੀਤ ਸਿੰਘ ਏ। ਇਹ ਉਸ ਜ਼ਮੀਨ ਦਾ ਮਾਲਕ ਏ ਜਿਸ ਉੱਤੇ ਸਾਡੇ ਘਰ ਵਸੇ ਨੇ, ਹਾਂ ਜੇ ਅਸੀਂ ਜ਼ਮੀਨ ਨੂੰ ਜ਼ਮੀਨ ਕਹੀਏ।

ਰਘੂ : ਓਏ ਕੀ ਹੋਇਆ, ਜੇ ਇਹ ਗੰਦੇ ਨਾਲੇ 'ਤੇ ਹੈ, ਜ਼ਮੀਨ ਤਾਂ ਹੈ, ਗੰਦੇ ਨਾਲੇ 'ਤੇ ਨਹੀਂ ਰਹਿਣਾ ਤਾਂ ਹੋਰ ਅਸੀਂ ਮਾਡਲ ਟਾਊਨ ਵਿਚ ਰਹਿਣਾ ਏ ?

ਰਾਜੂ : ਆਹੋ ਸਾਡੇ ਲਈ ਤਾਂ ਇਹੀ ਮਾਡਲ ਟਾਊਨ ਏ, ਗੰਦਾ ਨਾਲਾ ਜਿਹੜਾ ਸਾਰੇ ਸ਼ਹਿਰ ਦਾ ਗੰਦ ਢੋਂਹਦਾ ਏ।

ਰਘੂ : ਤੇ ਸੁਣ, ਇਹ ਇੰਦਰਜੀਤ ਕੋਈ ਮਾਮੂਲੀ ਬੰਦਾ ਨਹੀਂ। ਸਰਕਾਰੇ ਦਰਬਾਰੇ ਇਹਦੀ ਪਹੁੰਚ ਏ, ਇਹਦਾ ਵੱਡਾ ਭਰਾ ਸੰਸਦ ਦਾ ਮੈਂਬਰ ਰਹਿ ਚੁੱਕਿਆ ਏ।

ਰਾਜੂ : ਤਾਹੀਓਂ ਸ਼ਹਿਰ ਅੰਦਰ ਬਥੇਰੀ ਜਾਇਜ਼-ਨਜਾਇਜ਼ ਜਾਇਦਾਦ ਆਪਣੇ ਕਬਜ਼ੇ ਹੇਠ ਕੀਤੀ ਹੋਈ ਏ।

ਰਘੂ : ਓਏ ਇਹ ਕੰਮ ਸਾਰੇ ਤਕੜੇ ਕਰਦੇ ਨੇ, ਕਚਹਿਰੀਆਂ ਤੇ ਥਾਣਿਆਂ 'ਚ ਇਹਦਾ ਦਬਦਬਾ ਏ, ਹਰ ਥਾਂ ਇਹਦੀ ਗੱਲ ਸੁਣੀ ਜਾਂਦੀ ਏ।

ਰਾਜੂ : ਗੱਲ ਤਾਂ ਇਹਦੀ ਹੀ ਸੁਣੀ ਜਾਣੀ ਏ, ਤੁਹਾਡੀ ਥੋੜ੍ਹੇ ਸੁਣੀ ਜਾਣੀ ਏ। ਥਾਣੇ 'ਤੇ ਦਬਦਬਾ ਹਰ ਲੁੱਚੇ ਬਦਮਾਸ਼ ਦਾ ਹੀ ਹੋ ਸਕਦਾ ਏ,

ਜਿਹੜਾ ਮਹੀਨਾ ਪੁਚਾ ਆਵੇ ਪਰ ਵੱਡੀ ਗੱਲ ਇਹ ਵੇ ਬਾਪੂ ਕਿ ਤੁਸੀਂ ਉਹਦੀ ਖੇਡ ਦਾ ਹਿੱਸਾ ਕਿਉਂ ਬਣੋ ?

ਰਘੂ : ਪਰ ਅਸੀਂ ਮੁਫਤ ਥੋੜ੍ਹਾ ਜਾਣਾ ਏ ? ਉਹਨੇ ਹਰ ਇਕ ਬੰਦੇ ਦੀ ਕੀਮਤ ਦੇਣੀ ਏ।

ਰਾਜੂ : ਕੀਮਤ ਦੇਣੀ ਏ 50 ਰੁਪਏ ਬੰਦਾ ਤੇ ਜਿਹੜੀ ਜਾਇਦਾਦ 'ਤੇ ਕਬਜ਼ਾ ਕਰਨਾ ਏ, ਉਹ ਲੱਖਾਂ ਦੀ ਹੋਵੇਗੀ।

ਰਘੂ : ਲੱਖਾਂ ਦੀ ਹੋਵੇ, ਕਰੋੜਾਂ ਦੀ ਹੋਵੇ ਸਾਨੂੰ ਕੀ ? ਸਾਡੀ ਕਿਹੜੀ ਪਿਓ ਦੀ ਏ ? ਇਕ ਦਾ ਕਬਜ਼ਾ ਹੋਵੇ, ਦੂਜੇ ਦਾ ਹੋਵੇ ਸਾਨੂੰ ਕੀ ?

ਰਾਜੂ : ਤੁਹਾਨੂੰ ਇਹ ਵੇ ਕਿ ਤੁਹਾਨੂੰ ਜਾਂ ਤਾਂ ਦੂਜੀ ਧਿਰ ਵੱਲੋਂ ਖਰੀਦੇ ਹੋਏ ਬੰਦਿਆਂ ਨਾਲ ਲੜਾਈ ਕਰਨੀ ਪਵੇਗੀ ਤੇ ਜਾਂ ਫੇਰ ਪੁਲਿਸ ਜਿਹੜੀ ਉਸ ਵੇਲੇ ਤਾਂ ਨਹੀਂ ਆਵੇਗੀ ਜਦੋਂ ਤੁਸੀਂ ਦੁਕਾਨਾਂ ਢਾਹ ਰਹੇ ਹੋਵੋਗੇ ਪਰ ਕੱਲ੍ਹ ਬਸਤੀ ਨੂੰ ਇਕ ਵਾਰੀ ਥੇਹ ਕਰ ਦੇਵੇਗੀ, ਤੁਹਾਨੂੰ ਉਹ ਕੁਟਾਪਾ ਚੜ੍ਹੇਗਾ ਕਿ ਫੇਰ 15 ਦਿਨ ਤੁਸੀਂ ਉੱਠ ਨਾ ਸਕੋ। ਪਿਛਲੀ ਵਾਰੀ ਵੀ ਇਸੇ ਤਰ੍ਹਾਂ ਹੋਇਆ ਸੀ। ਬਾਪੂ ਤੁਸੀਂ ਇਹ ਸਭ ਕੁਝ ਸਮਝਦੇ ਕਿਉਂ ਨਹੀਂ ?

ਰਘੂ : ਜੇ ਸਮਝ ਜਾਈਏ ਤਾਂ ਕੀ ਫੇਰ ਸਾਨੂੰ ਰੋਟੀ ਮਿਲ ਜਾਏਗੀ ? ਕੀ ਜਿਸ ਜ਼ਮੀਨ 'ਤੇ ਇਹ ਝੁੱਗੀਆਂ ਬਣਾ ਕੇ ਬੈਠੇ ਹਾਂ, ਇੰਦਰਜੀਤ ਜਾਂ ਪੁਲਿਸ ਵਾਲੇ ਬੈਠੇ ਰਹਿਣ ਦੇਣਗੇ, ਉਹ ਇਥੋਂ ਸਾਨੂੰ ਪੱਟ ਨਾ ਦੇਣਗੇ ?

ਰਾਜੂ : ਐਵੇਂ ਪੱਟ ਦੇਣਗੇ ? ਟੋਏ ਟਿੱਬੇ ਪੱਧਰੇ ਕਰਕੇ ਤੁਸੀਂ ਇਹ ਪੱਧਰੀ ਕੀਤੀ ਤਾਂ ਜਾ ਕੇ ਇਹ ਰਹਿਣ ਲਈ ਬਣੀ ਹੁਣ ਐਵੇਂ ਪੱਟ ਦੇਣਗੇ।

ਰਘੂ : ਪਰ ਕਾਗਜ਼ਾਂ ਵਿਚ ਇਹ ਜ਼ਮੀਨ ਇੰਦਰਜੀਤ ਦੀ ਏ।

ਰਾਜੂ : ਇੰਦਰਜੀਤ ਨੇ ਕਿਥੋਂ ਲਈ ਸੀ ?

ਰਘੂ : ਉਹਦੇ ਬਜ਼ੁਰਗ ਉਹਦੇ ਲਈ ਛੱਡ ਗਏ ਸੀ।

ਰਾਜੂ : ਉਹਦੇ ਬਜ਼ੁਰਗਾਂ ਨੇ ਕਿਥੋਂ ਲਈ ਸੀ ?

ਰਘੂ : ਉਨ੍ਹਾਂ ਨੇ ਅੱਗੋਂ ਆਪਣੇ ਬਜ਼ੁਰਗਾਂ ਕੋਲੋਂ ਲਈ ਸੀ।

ਰਾਜੂ : ਉਹਦੇ ਬਜ਼ੁਰਗਾਂ ਨੇ ਅੱਗੋਂ ਕਿਥੋਂ ਲਈ ਸੀ ?

ਰਘੂ : ਮੈਨੂੰ ਕੀ ਪਤਾ ? ਇਹ ਤਾਂ ਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਏ।

ਰਾਜੂ : ਆਹੋ ਇਹ ਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਏ, ਇਹ ਉਹਦੀਆਂ ਪੀੜ੍ਹੀਆਂ ਦੀ ਦਾਸਤਾਨ ਏ ਤੇ ਤੁਸੀਂ ਪੀੜ੍ਹੀ ਦਰ ਪੀੜ੍ਹੀ ਖਾਨਾਬਦੋਸ਼ ਰਹੇ। ਇਕ ਥਾਂ ਵੱਸਦੇ, ਅਗਲੇ ਉਥੋਂ ਉਠਾ ਦੇਂਦੇ, ਤੁਸੀਂ ਕਿਸੇ ਹੋਰ ਗੰਦੇ ਨਾਲੇ ਦੇ ਕੰਢੇ ਜਾ ਬੈਠਦੇ। ਉਹ ਥਾਂ ਜੇ ਥੋੜ੍ਹਾ ਜਿਹਾ ਸਵਰ ਜਾਂਦਾ, ਅਗਲੇ ਤੁਹਾਨੂੰ ਉਥੋਂ ਉਠਾ ਦੇਂਦੇ ਤੇ ਤੁਸੀਂ ਅਗਲੀ ਥਾਂ

ਜਾ ਬੈਠਦੇ।

ਰਘੂ : ਪਰ ਹੁਣ ਤੂੰ ਚਾਹੁੰਦਾ ਕੀ ਏਂ ?

ਰਾਜੂ : ਅਸੀਂ ਆਪਣੀ ਤਕਦੀਰ ਬਦਲਣ ਦਾ ਉਪਰਾਲਾ ਕਰੀਏ ਤੇ ਉਹਦਾ ਸ਼ੁਰੂ ਏ ਕਿ ਅਸੀਂ ਅੱਜ ਸਵੇਰੇ ਇੰਦਰਜੀਤ ਦੇ ਕਹੇ ਕੋਈ ਨਾਜਾਇਜ਼ ਕੰਮ ਨਾ ਕਰੀਏ।

ਰਘੂ : ਅੱਛਾ ਇਹਦੇ ਬਾਰੇ ਸੋਚਾਂਗੇ ਪਰ ਹਾਲੀ ਘਰ ਆਈ ਲਕਸ਼ਮੀ ਮੋੜਨਾ ਸਿਆਣਪ ਨਹੀਂ। ਕਹਿੰਦਾ ਸੀ ਕਿ ਪੇਟੀ ਖਾਸ ਦਾਰੂ ਦੀ ਲਿਆਂਦੀ ਏ। (ਜਾਂਦਾ ਹੈ) (ਰਾਜੂ ਉਹਨੂੰ ਜਾਂਦਿਆਂ ਦੇਖਦਾ ਹੈ। ਬੇਵੱਸੀ ਦਾ ਪ੍ਰਭਾਵ ਦੇਂਦਾ ਹੈ ਜਿਸ ਤਰ੍ਹਾਂ ਕਹਿ ਰਿਹਾ ਹੋਵੇ ਕਿ ਇਨ੍ਹਾਂ ਦਾ ਕਦੇ ਕੁਝ ਨਹੀਂ ਬਣਨਾ।)

ਰਾਜੂ : (ਆਪਣੇ ਆਪ ਨਾਲ) ਬਾਪੂ ਸਾਡਾ ਦੁਖਾਂਤ ਹੀ ਇਹ ਵੇ ਕਿ ਅਸੀਂ ਸਭ ਕੁਝ ਸਮਝਦੇ ਹੋਏ ਵੀ ਦਲਦਲ ਵਿਚੋਂ ਨਿਕਲਣ ਦਾ ਕੋਈ ਉਪਰਾਲਾ ਨਹੀਂ ਕਰਦੇ ਸਗੋਂ ਥੱਲੇ ਹੀ ਥੱਲੇ ਧਸਦੇ ਜਾਂਦੇ ਹਾਂ। (ਰੇਸ਼ਮੋ ਆਉਂਦੀ ਹੈ)

ਰੇਸ਼ਮੋ : ਤਾਂ ਰਾਜੂ ਇਹ ਸੀ ਉਹ ਸਰਦਾਰ, ਜਿਸ ਦੀ ਜ਼ਮੀਨ 'ਤੇ ਅਸੀਂ ਬੈਠੇ ਹਾਂ।

ਰਾਜੂ : ਹਾਂ ਇਹੋ ਹੀ ਸਰਦਾਰ ਏ, ਕਿਉਂਕਿ ਅਸੀਂ ਉਹਦੀ ਜ਼ਮੀਨ 'ਤੇ ਬੈਠੇ ਹਾਂ, ਇਸ ਲਈ ਉਹ ਸਮਝਦਾ ਏ ਕਿ ਉਹਦਾ ਸਾਡੇ 'ਤੇ ਕਬਜ਼ਾ ਏ, ਅਸੀਂ ਉਹਦੇ ਗੁਲਾਮ ਹਾਂ, ਉਹ ਸਾਡੇ ਨਾਲ ਜੋ ਸਿਆਹ ਸਫੈਦ ਕਰੇ, ਅਸੀਂ ਨਹੀਂ ਬੋਲ ਸਕਦੇ।

ਰੇਸ਼ਮੋ : ਮੈਂ ਜਦੋਂ ਆਈ ਤੇ ਜਿੰਨਾ ਚਿਰ ਖੜ੍ਹੀ ਰਹੀ ਮੇਰੇ ਵੱਲ ਵੀ ਬੇਸ਼ਰਮੀ ਦੀਆਂ ਨਜ਼ਰਾਂ ਨਾਲ ਵੇਖਦਾ ਰਿਹਾ। ਉਹਨੇ ਕੋਈ ਨਵੀਂ ਗੱਲ ਨਹੀਂ ਕੀਤੀ। ਮੈਨੂੰ ਬਜ਼ਾਰਾਂ ਵਿਚ ਰੋਜ਼ ਹੀ ਇਹ ਸਭ ਕੁਝ ਸਹਿਣਾ ਪੈਂਦਾ ਏ। ਹੱਟੀਆਂ 'ਤੇ ਬੈਠੇ ਸੇਠ ਵੀ ਬੇਸ਼ਰਮੀ ਨਾਲ ਵੇਖਦੇ ਨੇ ਤੇ ਰਾਲਾਂ ਸੁੱਟਦੇ ਨੇ।

ਰਾਜੂ : ਆਪਣਾ ਖਿਆਲ ਰੱਖਿਆ ਕਰ।

ਰੇਸ਼ਮੋ : ਆਪਣੇ ਵੱਲੋਂ ਤਾਂ ਰੱਖਦੀ ਹਾਂ। ਆਪਣੇ ਵੱਡੇ ਬੋਰੇ ਵਿਚ ਮੈਂ ਦਾਤਰਾ ਵੀ ਰੱਖਦੀ ਹਾਂ। ਗ਼ਰੀਬ ਬੰਦੇ ਨੂੰ ਆਪਣੀ ਰੱਖਿਆ ਆਪ ਕਰਨੀ ਪੈਂਦੀ ਏ। ਖਾਸ ਕਰਕੇ ਸਾਨੂੰ ਗ਼ਰੀਬ ਕੁੜੀਆਂ ਨੂੰ... (ਵਕਫ਼ਾ) ਉਂਜ ਰਾਜੂ ਕੀ ਅਸੀਂ ਸਾਰੀ ਉਮਰ ਲੀਰਾਂ ਹੀ ਇਕੱਠੀਆਂ ਕਰਦੇ ਰਹਾਂਗੇ ਤੇ ਵੱਡੇ ਲੋਕ ਸਾਨੂੰ ਮੈਲੀਆਂ ਨਜ਼ਰਾਂ ਨਾਲ ਵੇਖਦੇ ਰਹਿਣਗੇ।

ਰਾਜੂ : ਰੇਸ਼ਮੋ, ਇਹ ਇਕ ਵੱਡਾ ਸਵਾਲ ਏ। ਮੇਰੇ ਮਾਸਟਰ ਜੀ ਕਿਹਾ ਕਰਦੇ

ਸਨ ਕਿ ਇਕ ਸਵਾਲ ਹਰ ਇਕ ਗਰੀਬ ਬੰਦੇ ਨੂੰ ਆਪਣੇ ਆਪ ਕੋਲੋਂ ਪੁੱਛਣਾ ਚਾਹੀਦਾ ਏ ਤੇ ਜਦੋਂ ਉਹ ਇਹ ਸਵਾਲ ਪੁੱਛਣ ਵਾਲਾ ਹੋ ਜਾਏਗਾ ਤਾਂ ਹੀ ਗ਼ਰੀਬ ਬੰਦੇ ਦੀ ਤਕਦੀਰ ਬਦਲੇਗੀ।

ਰੇਸ਼ਮੋ : ਤੇਰੇ ਮਾਸਟਰ ਜੀ ਹੋਰ ਕੀ ਕਹਿੰਦੇ ਸਨ ?

ਰਾਜੂ : ਉਹ ਕਹਿੰਦੇ ਸਨ ਕਿ ਅੱਜ ਦਾ ਯੁੱਗ ਸਾਇੰਸ ਦਾ ਯੁੱਗ ਏ, ਮਨੁੱਖ ਚੰਨ 'ਤੇ ਪੁੱਜ ਗਿਆ ਏ, ਉਹਨੂੰ ਆਪਣੀ ਤਕਦੀਰ ਬਦਲਣ ਦਾ ਉਪਰਾਲਾ ਕਰਨਾ ਚਾਹੀਦਾ ਏ, ਉਦੋਂ ਇਹ ਗੱਲਾਂ ਮੈਨੂੰ ਬਹੁਤੀਆਂ ਸਮਝ ਨਹੀਂ ਲਗਦੀਆਂ ਸਨ ਪਰ ਹੁਣ ਮੈਨੂੰ ਥੋੜ੍ਹੀ-ਥੋੜ੍ਹੀ ਸਮਝ ਲੱਗ ਗਈ ਏ।

ਰੇਸ਼ਮੋ : ਕੀ ?

ਰਾਜੂ : ਜੇ ਅਸੀਂ ਕਿਸੇ ਦੇ ਇਸ਼ਾਰੇ 'ਤੇ ਕੁਹਾੜੀਆਂ, ਗੈਂਤੀਆਂ, ਸਰੀਏ, ਲਾਠੀਆਂ ਚੁੱਕ ਸਕਦੇ ਹਾਂ ਤਾਂ ਇਹ ਕੁਹਾੜੀਆਂ ਲਾਠੀਆਂ ਆਪਣੀ ਤਕਦੀਰ ਬਦਲਣ ਲਈ ਕਿਉਂ ਨਹੀਂ ਚੁੱਕ ਸਕਦੇ ?... ਇਹਨੂੰ ਸਿਆਣੇ ਹਥਿਆਰਬੰਦ ਇਨਕਲਾਬ ਕਹਿੰਦੇ ਨੇ।

ਰੇਸ਼ਮੋ : ਹਥਿਆਰਬੰਦ ਇਨਕਲਾਬ ?

ਰਾਜੂ : ਹਾਂ ਹਥਿਆਰਬੰਦ ਇਨਕਲਾਬ। ਤਬਦੀਲੀ ਲਿਆਉਣ ਲਈ ਦੁਸ਼ਮਣ ਦੇ ਖਿਲਾਫ਼ ਹਥਿਆਰ ਚੁੱਕਣਾ। ਹੁਣ ਇਹ ਸਰਦਾਰ ਆਇਆ ਸੀ। ਬਾਪੂ ਨੂੰ ਕਹਿ ਗਿਆ ਏ ਕੁਝ ਦੁਕਾਨਾਂ ਖ਼ਾਲੀ ਕਰਵਾਉਣੀਆਂ ਨੇ, ਉਹ ਜਾਣਦਾ ਏ ਕਿ ਦੁਕਾਨਾਂ 'ਤੇ ਜੋ ਬੈਠੇ ਨੇ ਉਨ੍ਹਾਂ ਨੇ ਆਪਣੇ ਆਪ ਦੁਕਾਨਾਂ ਨਹੀਂ ਖ਼ਾਲੀ ਕਰਨੀਆਂ। ਉਹ ਢਾਹੁਣੀਆਂ ਪੈਣੀਆਂ ਨੇ। ਜ਼ੋਰ ਨਾਲ ਖ਼ਾਲੀ ਕਰਵਾਉਣੀਆਂ ਪੈਣੀਆਂ ਨੇ। ਇਸੇ ਤਰ੍ਹਾਂ ਵੱਡੇ ਲੋਕ ਜੋ ਇਸ ਸਮਾਜ ਦੀਆਂ ਸਾਰੀਆਂ ਦਾਤਾਂ ਸਾਂਭੀ ਬੈਠੇ ਨੇ, ਉਨ੍ਹਾਂ ਨੇ ਆਪਣੇ ਆਪ ਗ਼ਰੀਬਾਂ ਨੂੰ ਥੋੜ੍ਹਾ ਵੰਡ ਦੇਣੀਆਂ ਨੇ। ਉਹ ਖੋਹਣੀਆਂ ਪੈਣੀਆਂ ਨੇ।

ਰੇਸ਼ਮੋ : ਤੇਰੀ ਵੀ ਸਮਝ ਨਹੀਂ ਲਗਦੀ, ਆਪਣੇ ਬੰਦਿਆਂ ਨਾਲ ਲੜਦਾ ਏਂ ਕਿ ਉਹ ਮਾਰ ਕੁਟਾਈ ਨਾ ਕਰਨ ਤੇ ਹੁਣ ਕਹਿ ਰਿਹਾ ਏਂ ਕਿ ਇਹਦੇ ਬਿਨਾਂ ਸਰਨਾ ਨਹੀਂ।

ਰਾਜੂ : ਆਪਣੇ ਹੱਕ ਲਈ ਹਥਿਆਰ ਚੁੱਕਣੇ ਹੋਰ ਗੱਲ ਏ ਤੇ ਕਿਸੇ ਹੋਰ ਦੇ ਇਸ਼ਾਰੇ 'ਤੇ ਹਥਿਆਰ ਚੁੱਕਣੇ ਹੋਰ ਗੱਲ ਏ। ਪਹਿਲੀ ਗੱਲ ਇਨਕਲਾਬ ਏ ਤੇ ਦੂਜੀ ਗੱਲ ਗੁੰਡਾਗਰਦੀ ਤੇ ਹੁੱਲੜਬਾਜ਼ੀ ਏ, ਕੁਝ ਸਮਝ ਲੱਗੀ ?

ਰੇਸ਼ਮੋ : ਲੱਗ ਗਈ ਬਾਬਾ, ਲੱਗ ਗਈ।

ਰਾਜੂ : ਕੀ ?

ਰੇਸ਼ਮੋ : ਕਿ ਤੂੰ ਬਸਤੀ ਦੇ ਹੋਰ ਮੁੰਡਿਆਂ ਨਾਲੋਂ ਵੱਖਰਾ ਏਂ ਤੇ ਇਸ ਲਈ...

ਰਾਜੂ : ਇਸ ਲਈ ਕੀ ?

ਰੇਸ਼ਮੋ : ਮੈਨੂੰ ਚੰਗਾ ਲਗਦਾ ਏਂ ਤੇ ਨਾਲੇ ਮੈਨੂੰ ਹੁਣ ਇਹ ਵੀ ਸਮਝ ਲੱਗ ਗਈ ਏ ਕਿ ਮੈਨੂੰ ਆਪਣੇ ਬੋਰੇ ਵਿਚ ਦਾਤਰਾ ਕਿਉਂ ਰੱਖਣਾ ਪੈਂਦਾ ਏ। ਚਲਦੀ ਹਾਂ – ਨਾਨੀ ਰਾਹ ਵੇਖਦੀ ਹੋਣੀ ਏ, ਮੇਰੇ ਗਿਆਂ ਤੋਂ ਬਿਨਾਂ ਸੌਂਦੀ ਨਹੀਂ।

ਰਾਜੂ : ਤੇ ਅੱਜ ਦਾ ਸਬਕ ?

ਰੇਸ਼ਮੋ : ਅੱਜ ਜੋ ਸਬਕ ਪੜ੍ਹ ਲਿਆ ਏ, ਇਸ ਤੋਂ ਵੱਡਾ ਕੀ ਸਬਕ ਹੋ ਸਕਦਾ ਏ ?

ਰਾਜੂ : ਕੀ ?

ਰੇਸ਼ਮੋ : ਗ਼ਰੀਬ ਬੰਦੇ ਨੂੰ ਆਪਣੀ ਤਕਦੀਰ ਬਦਲਣ ਲਈ ਹਥਿਆਰ ਚੁੱਕਣੇ ਪੈਣਗੇ ਤੇ ਗੱਲ ਸੁਣ ਜਦੋਂ ਲੋੜ ਪਈ ਮੈਂ ਦਾਤਰਾ ਬੋਰੇ ਵਿਚ ਨਹੀਂ ਪਿਆ ਰਹਿਣ ਦੇਣਾ। (ਬਾਹਰ ਨਿਕਲ ਜਾਂਦੀ ਹੈ)

ਰਾਜੂ : (ਉਹਨੂੰ ਜਾਂਦੀ ਵੇਖ ਕੇ) ਇਹ ਰਾਤ ਦੇ ਹਨੇਰੇ ਜਾਗਣਗੇ ਤੇ ਲੋਕ ਹੋਣਗੇ ਸਵੇਰੇ। (ਰਘੂ ਜਾਂਦਾ ਹੈ)

ਰਘੂ : (ਬਾਹਰੋਂ ਬੜ੍ਹਕ) ਓਏ ਮੁੰਡਿਆ ਤੂੰ ਹਾਲੇ ਤੱਕ ਸੁੱਤਾ ਨਹੀਂ।

ਰਾਜੂ : ਬਾਪੂ ਅੱਜ ਦੀ ਰਾਤ ਸੌਣ ਲਈ ਨਹੀਂ, ਜਾਗਣ ਲਈ ਹੈ।

ਰਘੂ : ਕੀ ਮਤਲਬ ?

ਰਾਜੂ : ਮਤਲਬ ਫੇਰ ਦੱਸਾਂਗਾ ਪਹਿਲੇ ਇਹ ਦੱਸ ਕਿ ਤੂੰ ਸਵੇਰ ਲਈ ਬੰਦੇ ਤਿਆਰ ਕਰ ਲਏ ਨੇ ?

ਰਘੂ : ਆਹੋ, ਇਕ ਇਕ ਬੋਤਲ ਸਾਰਿਆਂ ਨੂੰ ਵੰਡ ਆਇਆ ਹਾਂ ਤੇ ਦੱਸ ਆਇਆ ਹਾਂ ਕਿ ਸਵੇਰੇ ਸਿਰਫ ਦੋ ਕੁ ਘੰਟੇ ਦਾ ਕੰਮ ਏ। ਹਰ ਇਕ ਨੂੰ ਤੀਹ–ਤੀਹ ਰੁਪਏ ਮਿਲ ਜਾਣਗੇ। ਹਰ ਬੰਦੇ ਪਿੱਛੇ ਮੈਨੂੰ ਵੀਹ–ਵੀਹ ਬਚ ਜਾਣਗੇ। ਮੈਂ ਉਨ੍ਹਾਂ ਦਾ ਚੌਧਰੀ।

ਰਾਜੂ : ਤੇ ਸਭ ਤਿਆਰ ਹੋ ਗਏ ਨੇ ?

ਰਘੂ : ਆਹੋ, ਉਹ ਤੇ ਸਗੋਂ ਹੁਣ ਤੋਂ ਉਡੀਕਦੇ ਪਏ ਨੇ ਕਿ ਕਦੋਂ ਸਵੇਰ ਹੋਵੇਗੀ? (ਰਾਜੂ ਸਟੇਜ ਦੇ ਇਕ ਪਾਸੇ ਵੇਖਦਾ ਪਿਆ ਏ) ਉਏ ਤੂੰ ਉਧਰ ਕੀ ਪਿਆ ਵੇਖਦਾ ਏਂ ?

ਰਾਜੂ : ਮੈਂ ਵੇਖਦਾ ਪਿਆ ਹਾਂ ਕਿ ਕਦੋਂ ਸਵੇਰ ਹੋਵੇਗੀ ਤੇ ਸਾਡੀ ਤਕਦੀਰ ਬਦਲੇਗੀ।

ਰਘੂ : ਮੈਨੂੰ ਤੇਰੀਆਂ ਗੱਲਾਂ ਕੁਝ ਸਮਝ ਨਹੀਂ ਲਗਦੀਆਂ, ਪਰ ਇਕ ਗੱਲ

ਬਾਰੇ ਤੈਨੂੰ ਖ਼ਬਰਦਾਰ ਕਰ ਦੇਵਾਂ ਕਿ ਮੇਰੇ ਕਿਸੇ ਕੰਮ ਵਿਚ ਦਖ਼ਲ ਨਾ ਦੇਵੀਂ। ਇਹੋ ਜਿਹੇ ਮੌਕੇ ਵਾਰ-ਵਾਰ ਨਹੀਂ ਆਉਂਦੇ। (ਇਕ ਬੋਤਲ ਕੱਢਦਾ ਹੈ ਤੇ ਗਲਾਸੀ ਵਿਚ ਦਾਰੂ ਪਾਉਂਦਾ ਹੈ)

ਰਾਜੂ : ਬਾਪੂ ਪੇਟੀ ਵਿਚ ਤੇਰੇ ਲਈ ਕਿੰਨੀਆਂ ਬਚੀਆਂ ਨੇ ?

ਰਘੂ : ਬਥੇਰੀਆਂ ਬਚੀਆਂ ਨੇ, ਮਹੀਨਾ ਆਸਾਨੀ ਨਾਲ ਨਿਕਲ ਜਾਏਗਾ।

ਰਾਜੂ : ਫੇਰ ਅੱਗੋਂ ਕੀ ਹੋਵੇਗਾ ?

ਰਘੂ : ਅੱਗੇ ਦੀ ਅੱਗੇ ਵੇਖੀ ਜਾਏਗੀ। ਨਾ ਅਸੀਂ ਮਰ ਚੱਲੇ ਹਾਂ ਤੇ ਨਾ ਹੀ ਸਰਦਾਰ। ਤੇ ਹੋਰ ਸੁਣ ਉਹ ਰੇਸ਼ਮੋ ਲਈ ਕਹਿ ਗਿਆ ਏ ਕਿ ਲੀਰਾਂ ਨਾ ਚੁੱਕਿਆ ਕਰੇ। ਉਹ ਉਹਨੂੰ ਕਿਸੇ ਘਰ ਕੰਮ ਦਿਵਾ ਦੇਵੇਗਾ ਤੇ ਹੋਰ ਨਹੀਂ ਤੇ ਆਪਣੇ ਘਰ ਹੀ ਰੱਖ ਲਵੇਗਾ। ਸਾਡਾ ਅੰਨਦਾਤਾ ਏ।

ਰਾਜੂ : ਆਹੋ ਬਾਪੂ, ਵੱਡਾ ਅੰਨਦਾਤਾ ਏ, ਕਿਸੇ ਕੋਲੋਂ ਭੁੱਲਿਆ ਏ ? (ਰਾਜੂ ਜਾਂਦਾ ਹੈ, ਰਘੂ ਗਲਾਸੀ ਵਿਚ ਹੋਰ ਦਾਰੂ ਪਾਉਂਦਾ ਹੈ ਤੇ ਪੀਂਦਾ-ਪੀਂਦਾ ਸੁੱਧ-ਬੁੱਧ ਗਵਾ ਲੈਂਦਾ ਹੈ।)

ਰਘੂ : ਇਹ ਮੁੰਡਾ ਆਪਣਾ ਬੇਵਕੂਫ ਏ, ਅਖੇ ਬਾਪੂ ਇਹ ਕੰਮ ਨਹੀਂ ਕਰਨਾ, ਜੇ ਇਹ ਨਹੀਂ ਕਰਨਾ ਤਾਂ ਹੋਰ ਕੀ ਕਰਨਾ ਏ। ਆਪਣੀਆਂ ਕੋਈ ਮਿੱਲਾਂ ਚਲਦੀਆਂ ਨੇ, ਜ਼ਮੀਨਾਂ 'ਤੇ ਟਰੈਕਟਰ ਚਲਦੇ ਨੇ। ਅਖੇ ਨਵਾਂ ਸਮਾਜ ਬਣੇਗਾ-ਭਲਾ ਕਿੱਥੋਂ ਬਣੇਗਾ ?... ਅਖੇ ਬਣ ਸਕਦਾ ਏ ਜੇ ਗ਼ਰੀਬ ਲੋਕ ਸਰਕਾਰ ਆਪਣੀ ਬਣਾ ਲੈਣ। ਕਿੱਥੋਂ ਬਣਾ ਲੈਣ... ਸਰਕਾਰ ਬਣਦੀ ਏ ਵੋਟਾਂ ਨਾਲ... ਵੋਟਾਂ ਰਘੂ ਟੱਪਰੀਵਾਸ ਨੂੰ ਨਹੀਂ ਮਿਲਦੀਆਂ, ਸ. ਇੰਦਰਜੀਤ ਸਿੰਘ ਨੂੰ ਮਿਲਦੀਆਂ ਨੇ ਜੀਹਦੇ ਕੋਲ ਜ਼ਮੀਨਾਂ ਨੇ... ਪੈਸਾ ਏ... ਉਏ ਰਘੂ ਤੂੰ ਇਨ੍ਹਾਂ ਗੱਲਾਂ ਨੂੰ ਨਾ ਸੋਚ... ਅੱਜ ਇਹ ਤੇਰੇ ਕੋਲ ਏ, ਬਸ ਪੀ (ਗਲਾਸੀ ਵਿਚ ਪਾਉਂਦਾ ਹੈ) ਪੀ ਅਤੇ ਸੌਂ ਜਾ। ਗ਼ਰੀਬ ਲੋਕ ਸੁੱਤੇ ਹੀ ਰਹਿਣ ਚੰਗਾ ਏ... ਉਹਨੇ ਜਾਗ ਕੇ ਕੀ ਲੈਣਾ ਏ... ਸੌਂ ਜਾ। (ਸੌਂ ਜਾਂਦਾ ਹੈ (ਵਕਫ਼ਾ) ਫੇਰ ਅਭੜਵਾਹੇ ਉੱਠਦਾ ਹੈ, ਰਾਜੂ ਦੀ ਆਵਾਜ਼)

ਰਾਜੂ : ਬਾਪੂ ਕਦੀ ਸੋਚਿਐ, ਜਿਨ੍ਹਾਂ ਲਈ ਲੜਨ ਜਾ ਰਹੇ ਹੋ ਉਨ੍ਹਾਂ ਲੋਕਾਂ ਦੇ ਪਸ਼ੂਆਂ ਵਾਲੇ ਘਰ ਵੀ ਸਾਡੇ ਨਾਲੋਂ ਚੰਗੇ ਹੋਣਗੇ। ਸਾਡੇ ਕੋਲ ਬਿਜਲੀ ਨਹੀਂ, ਪਾਣੀ ਨਹੀਂ, ਹਰ ਪਾਸੇ ਚਿੱਕੜ, ਮੱਛਰ, ਗੰਦਗੀ... ਏਥੇ ਹੈ ਕੋਈ ਹਸਪਤਾਲ, ਲਾਗੇ ਹੈ ਕੋਈ ਸਕੂਲ ? ਕਦੇ ਉਨ੍ਹਾਂ ਨੇ ਚਾਹਿਐ ਕਿ ਸਾਡੇ ਬੱਚੇ ਵੀ ਉਨ੍ਹਾਂ ਦੇ ਬੱਚਿਆਂ ਵਾਕੁਣ ਸਕੂਲ ਪੜ੍ਹਨ। ਜੇ ਸਾਡੇ ਬੱਚੇ ਸਕੂਲ ਪੜ੍ਹਨ ਲੱਗ ਪਏ ਤਾਂ ਉਹ ਸੋਚਣ

ਲੱਗ ਪੈਣਗੇ। ਫੇਰ ਉਨ੍ਹਾਂ ਲਈ ਕੌਣ ਡਾਂਗਾਂ ਸਰੀਏ ਲੈ ਕੇ ਦੁਕਾਨਾਂ ਤੋੜਨ। ਕੌਣ ਜਾਏਗਾ, ਕੌਣ ਜਾਣਗੇ।

ਰਘੂ : ਕੋਈ ਨਹੀਂ ਜਾਏਗਾ। ਕੋਈ ਨਹੀਂ ਜਾਏਗਾ। ਮੈਂ ਵੀ ਨਹੀਂ ਜਾਵਾਂਗਾ। (ਇੰਦਰਜੀਤ ਆਉਂਦਾ ਹੈ)

ਇੰਦਰਜੀਤ : ਓਏ ਰਘੂ, ਤੂੰ ਇਥੇ ਸੁੱਤਾ ਪਿਆ ਏਂ, ਉਤੋਂ ਸਵੇਰ ਹੋ ਗਈ ਏ।

ਰਘੂ : (ਅਬੜਵਾਹੇ ਉੱਠਦਾ ਹੋਇਆ) ਸਵੇਰ ਹੋ ਗਈ ਏ ?

ਇੰਦਰਜੀਤ : ਦੁਕਾਨਾਂ ਤੇਰਾ ਪਿਓ ਢਾਹੁਣ ਜਾਏਗਾ ?

ਰਘੂ : ਸਰਦਾਰ ਜੀ, ਮੇਰੇ ਪਿਓ ਤੱਕ ਨਾ ਜਾਇਓ, ਮੇਰਾ ਮੁੰਡਾ ਹੁਣ ਪੜ੍ਹ ਗਿਆ ਏ, ਉਹ ਸਿਆਣਾ ਹੋ ਗਿਆ ਏ, ਭਲਾ ਅਸੀਂ ਗੈਂਤੀਆਂ, ਸਰੀਏ ਚੁੱਕ ਕੇ ਕਿਉਂ ਦੁਕਾਨਾਂ ਢਾਹੁਣ ਜਾਈਏ ? ਕਿਉਂ ਜਾਈਏ ?

ਇੰਦਰਜੀਤ : ਓਏ ਸਾਡੀ ਹੀ ਬਿੱਲੀ ਤਾਂ ਸਾਨੂੰ ਹੀ ਮਿਆਉਂ। ਸਾਡੀ ਹੀ ਸ਼ਰਾਬ ਪੀ ਕੇ ਸਾਨੂੰ ਹੀ ਅੱਖਾਂ ਵਿਖਾਉਂਦਾ ਏਂ। ਜੇ ਤੈਨੂੰ ਘਰੋਂ ਬੇਘਰ ਨਾ ਕਰ ਦਿੱਤਾ ਤਾਂ ਮੈਨੂੰ ਵੀ ਸਰਦਾਰ ਇੰਦਰਜੀਤ ਸਿੰਘ ਨਾ ਕਹੀਂ।

ਰਘੂ : ਓਏ ਕਰ ਦੇਵੀਂ ਘਰੋਂ ਬੇਘਰ। ਅੱਗੇ ਅਸੀਂ ਕਿਹੜੇ ਮਹਿਲਾਂ ਵਿਚ ਬੈਠੇ ਹਾਂ, ਅਸੀਂ ਕਿਸੇ ਹੋਰ ਗੰਦੇ ਨਾਲੇ ਤੇ ਝੁੱਗੀਆਂ ਪਾ ਲਵਾਂਗੇ। (ਰਾਜੂ ਆਉਂਦਾ ਹੈ)

ਰਾਜੂ : ਐਵੇਂ ਪਾ ਲਵਾਂਗੇ ਝੁੱਗੀਆਂ ? ਬਾਪੂ ਇਕ ਦਿਨ ਤਾਂ ਇਹ ਲੜਾਈ ਲੜਨੀ ਹੀ ਪਵੇਗੀ। (ਰੇਸ਼ਮੋ ਆਉਂਦੀ ਹੈ)

ਰੇਸ਼ਮੋ : ਹਾਂ ਰਾਜੂ, ਇਕ ਦਿਨ ਤਾਂ ਇਹ ਲੜਾਈ ਲੜਨੀ ਹੀ ਪਵੇਗੀ।

ਇੰਦਰਜੀਤ : ਤੂੰ ਰੇਸ਼ਮੋ ਇਥੇ ?

ਰੇਸ਼ਮੋ : ਕਿਉਂ ਮੈਨੂੰ ਇਥੇ ਨਹੀਂ ਸੀ ਹੋਣਾ ਚਾਹੀਦਾ ? ਤੂੰ ਸੋਚਿਆ ਕਿ ਬਸਤੀ ਦੇ ਲੋਕ ਦੁਕਾਨਾਂ ਢਾਹੁਣ ਗਏ ਹੋਣਗੇ। ਤੂੰ ਆਪਣੇ ਗੁੰਡਿਆਂ ਨੂੰ ਕਿਹਾ ਕਿ ਰੇਸ਼ਮੋ ਨੂੰ ਚੁੱਕ ਲਿਆਓ ਪਰ ਤੈਨੂੰ ਨਹੀਂ ਸੀ ਪਤਾ ਕਿ ਲੀਰਾਂ ਚੁੱਕਣ ਵਾਲੀ ਰੇਸ਼ਮੋ ਆਪਣੇ ਬੋਰੇ ਵਿਚ ਦਾਤਰਾ ਵੀ ਰੱਖਦੀ ਏ।

*(ਦਾਤਰਾ ਚੁੱਕਦੀ ਹੈ। ਇੰਦਰਜੀਤ ਨੱਸਣ ਦੀ ਮੁਦਰਾ ਵਿਚ ਹੈ। ਸਾਰੇ ਇਸੇ ਮੁਦਰਾ ਵਿਚ ਹਨ)*

ਪਿਛੋਂ ਆਵਾਜ਼ : ਇਹ ਰਾਤ ਦੇ ਹਨੇਰੇ, ਜਾਗਣਗੇ ਲੋਕ, ਹੋਣਗੇ ਸਵੇਰੇ।

*(ਸਮਾਪਤ)*